

'ਮਹਿਕ ਵਤਨ ਦੀ ਲਾਈਵ' ਦਾ ਕੈਨੇਡਾ ਐਡੀਸ਼ਨ ਸ਼ੁਰੂ ਹੋਣ 'ਤੇ ਅਦਾਰੇ ਨੂੰ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਵਸਦੇ ਸਮੂੰਹ ਪੰਜਾਬੀ ਪਾਠਕਾਂ ਨੂੰ ਕੋਟਿ-ਕੋਟਿ ਮੁਬਾਰਕਾਂ !



# ਗੁਰਦੁਆਰਾ ਗੁਰੂ ਨਾਨਕ ਦਰਬਾਰ

## ਨਾਨਕਸਰ ਠਾਠ ਮੰਡੀਰਾਂ ਨਵਾਂ (ਜ਼ਿਲ੍ਹਾ ਮੋਗਾ)



ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾ ਦੇ ਹੀ ਜੰਮਪਲ ਹਨ। ਇਨ੍ਹਾਂ ਦਾ ਜਨਮ 1965 ਨੂੰ ਮਾਤਾ ਮੁਖਤਿਆਰ ਕੌਰ ਦੀ ਸੁਭਾਗੀ ਕੁੱਖੋਂ ਪਿਤਾ ਸ. ਕੇਹਰ ਸਿੰਘ ਦੇ ਘਰ ਹੋਇਆ। ਇਨ੍ਹਾਂ ਦਾ ਬਚਪਨ ਤੋਂ ਹੀ ਸੁਭਾਅ ਭਗਤੀ ਭਾਵ ਵਾਲਾ ਸੀ। ਆਪ ਜੀ ਦਾ ਬਚਪਨ ਵਾਲਾ ਗਿਆਨ ਬੇਸ਼ੱਕ ਆਪ ਲੋਕਾਂ 'ਤੇ ਘਰਦਿਆ ਨੂੰ ਉਪਰਾ ਜਿਹਾ ਲੱਗਦਾ ਸੀ ਪਰ ਅੱਜ ਉਹ ਬਚਪਨ ਵਾਲਾ ਸੱਚ ਹਕੀਕਤ ਵਿੱਚ ਬਦਲਿਆ ਨਜ਼ਰੀ ਆਉਂਦਾ ਹੈ। ਆਪ ਬਚਪਨ ਤੋਂ ਜੋ ਦੱਸਦੇ ਸਨ ਉਹ ਪੂਰੀ ਹੁੰਦੀਆਂ ਸਨ ਇਨ੍ਹਾਂ ਬਚਪਨ ਦੇ ਚਮਤਕਾਰ ਨੂੰ ਦੇਖ ਆਪ ਨੂੰ ਮਾਤਾ-ਪਿਤਾ ਨੇ ਨਾਨਕਸਰ ਕਲੇਰੀ ਛੱਡ ਦਿੱਤਾ। ਇੱਥੇ ਰਹਿ ਕੇ ਆਪ ਨੇ ਪਰਮਾਰਥ ਗਿਆਨ ਪ੍ਰਾਪਤ ਕੀਤਾ। ਅਤੇ ਸੰਤ ਮਹਾਂਪੁਰਸ਼ ਸੰਤ ਬਾਬਾ ਘਾਲਾ ਸਿੰਘ ਜੀ ਤੋਂ ਵਿੱਦਿਆ ਪ੍ਰਾਪਤ ਕੀਤੀ ਅਤੇ ਲੰਬਾ ਸਮਾਂ ਆਪ ਜੀ ਨੇ ਨਾਨਕਸਰ ਰਹਿ ਕੇ ਸੇਵਾ ਕੀਤੀ ਅਤੇ ਬਾਬਾ ਜੀ ਇਹੋ ਹੀ ਉਪਦੇਸ਼ ਦਿੰਦੇ ਹਨ ਕਿ ਬਾਈ ਗਊ-ਗਰੀਬ ਦੀ ਰੱਖਿਆ ਕਰੋ, ਮੜੀਆ ਮਸਾਣਾ ਆਦਿਨੂੰ ਪੂਜਣ ਨਾਲ ਮਨੁੱਖ ਨਰਕਾ ਦੀ ਭਾਗੀ ਬਣਦਾ ਹੈ। ਸਾਤ ਨਿਮਰਤਾ, ਮਿੱਠ ਬੋਲਣਾ ਤੇ ਨਾਮ ਜਪਣ ਨਾਲ ਆਤਮਾਂ ਦਾ ਪ੍ਰਮਾਤਮਾ ਨਾਲ ਮੇਲ ਹੁੰਦਾਹੈ ਭੇਦ ਖਤਮ ਹੋ ਕੇ ਅਭੇਦ ਵਿੱਚ ਬਦਲ ਜਾਂਦਾ ਹੈ। ਆਪ ਜੀ ਦਾ ਉਪਦੇਸ਼ ਕੂੜ ਦੇ ਹਨੇਰੇ 'ਚੋਂ ਸੱਚ ਦੇ ਚੰਦਰਮੇ ਦੀ ਤਰ੍ਹਾਂ ਵੱਖਰੀ ਹੀ ਝੁਣਕਾਰ ਵਾਲਾ ਹੈ। ਅਸਲ 'ਚ ਮੰਡੀਰਾ ਵਾਲਾ ਪਿੰਡ ਇਨ੍ਹਾਂ ਦੀਆਂ ਕਰਨੀਆਂ ਕਰ ਕੇ ਦੂਰ-ਦੂਰ ਤੱਕ ਪ੍ਰਸਿੱਧ ਹੋਇਆ। ਇਸ ਨਗਰ ਦੀ ਸੰਗਤ ਦੀ ਸ਼ਰਧਾ ਇਸ ਤਰ੍ਹਾਂ ਹੀ ਯੁੱਗਾਂ ਤੱਕ ਬਣੀ ਰਹੇਗੀ ਧਨ-ਧੰਨ ਬਾਬਾ ਨੰਦ ਸਿੰਘ ਜੀ ਨੇ ਕ੍ਰਿਪਾ ਕੀਤੀ ਤਾਂ ਇਸ ਨਗਰ ਵਿੱਚ ਵੀ ਨਾਨਕਸਰ ਪ੍ਰਗਟ ਹੋਇਆ ਅਤੇ ਮਹਾਂਪੁਰਸ਼ਾਂ ਦੇ ਬਚਨ ਵੀ ਅਟੱਲ ਹੁੰਦੇ ਰਹਿਣਗੇ ਅਤੇ ਇਸ ਅਸਥਾਨ ਦੀ ਸੇਵਾ ਸ੍ਰੀ ਮਾਨ ਸੰਤ ਬਲਦੇਵ ਸਿੰਘ ਜੀ ਮੰਡੀਰਾ ਵਾਲਿਆਂ ਨੇ ਤਕਰੀਬਨ ਅੱਜ ਤੋਂ ਵੀਹ ਕੁ ਸਾਲ ਪਹਿਲਾਂ ਸ਼ੁਰੂ ਕਰਵਾਈ ਸੀ ਅਤੇ ਅੱਜ ਵੀ ਇਸ ਅਸਥਾਨ ਦੀ ਸੇਵਾ ਚੱਲ ਰਹੀ ਹੈ। ਇਸ ਅਸਥਾਨ ਤੇ ਪੂਰਨਮਾਸ਼ੀ ਹਰ ਮਹੀਨੇ ਬਾਅਦ ਮਨਾਈ ਜਾਂਦੀ ਹੈ ਅਤੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਸਲਾਨਾ ਬਰਸੀ ਹਰ ਸਾਲ ਮਨਾਈ ਜਾਂਦੀ ਹੈ।

ਸੇਵਾਦਾਰ ਭਾਈ ਹਰਪ੍ਰੀਤ ਸਿੰਘ

ਮੁੱਖ ਸੇਵਾਦਾਰ **ਸੰਤ ਬਾਬਾ ਬਲਦੇਵ ਸਿੰਘ ਜੀ**



ਬਾਬਾ ਨੰਦ ਸਿੰਘ ਜੀ ਮਹਾਰਾਜ ਨਾਨਕਸਰ ਕਲੇਰਾਂ ਵਾਲਿਆਂ ਦੀ ਸਲਾਨਾ ਬਰਸੀ ਮੌਕੇ ਸੰਤ ਬਾਬਾ ਘਾਲਾ ਸਿੰਘ ਜੀ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਜੀ ਮੰਡੇਰਾਂ ਵਾਲੇ ਅਤੇ ਸਾਧ ਸੰਗਤ



ਨਾਨਕਸਰ ਠਾਠ ਮੰਡੀਰਾ ਵਿਚ ਬਾਬਾ ਨੰਦ ਸਿੰਘ ਜੀ ਮਹਾਰਾਜ ਨਾਨਕਸਰ ਕਲੇਰਾਂ ਵਾਲਿਆਂ ਦੀ ਸਲਾਨਾ ਬਰਸੀ ਹਰ ਸਾਲ 6 ਅੱਸੂ ਨੂੰ ਮਨਾਈ ਜਾਂਦੀ ਹੈ। ਦੇਸ਼ਾਂ-ਵਿਦੇਸ਼ਾਂ 'ਚੋਂ ਲੱਖਾਂ ਸੰਗਤਾਂ ਹਾਜ਼ਰ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਬਰਸੀ ਮੌਕੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ।

## ਇਸ ਪਵਿੱਤਰ ਅਸਥਾਨ ਤੇ ਪੂਰਨਮਾਸ਼ੀ ਅਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ



ਇਹ ਅਸਥਾਨ ਬਾਘਾ ਪੁਰਾਣਾ ਤੋਂ ਮੋਗਾ ਰੋਡ ਤੇ ਪਿੰਡ ਗਿੱਲ ਨਹਿਰ ਵਾਲੇ ਤੋਂ ਚੜ੍ਹਦੇ ਪਾਸੇ ਇਕ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਬਾਘਾ ਪੁਰਾਣਾ ਤੋਂ ਟੈਂਪੂ ਅਤੇ ਬੱਸਾਂ ਆਮ ਮਿਲਦੀਆ ਹਨ।

**ਸੇਵਾਦਾਰ : ਭਾਈ ਹਰਪ੍ਰੀਤ ਸਿੰਘ (ਮੋ. 99149-01113, 98141-44654)**